# ਗੁਰਮਤੇ ਦਾ ਇਤਿਹਾਸਕ ਸਰਵੇਖਣ

**ਡਾ. ਕਿਰਪਾਲ ਸਿੰਘ**

**ਸੁਖਦੇਵ ਸਿੰਘ**

ਗੁਰਮਤੇ ਦੇ ਅੱਖਰੀ ਅਰਥ ਹਨ "ਗੁਰਮਤ ਅਨੁਸਾਰ ਕੀਤਾ ਮਤਾ" ਭਾਵ ਗੁਰੂ ਨਿਯਮਾਂ ਅਨੁਸਾਰ ਕੀਤਾ ਫੈਸਲਾ। ਸਪੱਸ਼ਟ ਹੈ ਕਿ ਗੁਰਮਤ ਅਨੁਸਾਰ ਕੀਤੇ ਫੈਸਲੇ ਦੀ ਪ੍ਰਥਾ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਹੀ ਹੋਂਦ ਵਿਚ ਆਈ ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸੇ ਨੂੰ ਗੁਰ-ਗੱਦੀ ਸੌਂਪ ਕੇ ਵਿਅਕਤੀਗਤ ਗੁਰੂ ਦੀ ਸਮਾਪਤੀ ਕਰ ਦਿੱਤੀ। ਸੈਨਾਪਤਿ "ਗੁਰ ਸੋਭਾ" ਵਿਚ ਲਿਖਦਾ ਹੈ:-

ਏਕ ਦਿਵਸ ਕਾਰਨ ਤੇ ਆਗੇ। ਮਿਲਿ ਕੇ ਸਿੰਘ ਪੂਛਨੇ ਲਾਗੇ।<br>
ਕਵਨ ਰੂਪ ਆਪਨ ਪ੍ਰਭ ਕੀਨੋ। ਤਿਨ ਕੇ ਜੁਆਬ ਭਾਂਤ ਇਹ ਦੀਨੋ।<br>
ਤਾਹ ਸਮੈ ਗੁਰੂ ਬੈਨ ਸੁਨਾਯੋ। ਖਾਲਸ ਆਪਨੋ ਰੂਪ ਬਤਾਯੋ।<br>
ਖਾਲਸ ਹੀ ਸੋ ਹੈ ਮਮ ਕਾਮਾ। ਬਖਸ ਕੀਉ ਖਾਲਸ ਕੋ ਜਾਮਾ।

(ਦੋਹਰਾ)

ਖਾਲਸਾ ਮੇਰੋ ਰੂਪ  ਖਾਲਸ ਕੇ ਪਾਸਿ<br>
ਆਦਿ ਅੰਤਿ ਹੀ ਹੋਤ ਹੈ ਖਾਲਸ ਮੈ ਪ੍ਰਗਾਸ।।

ਗੁਰੂ ਗੋਬਿੰਦ ਸਿੰਘ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਆਪਣਾ ਸਰੂਪ ਅਤੇ ਆਪਣੀ ਸੱਤਾ ਖਾਲਸੇ ਵਿਚ ਭਰ ਦਿੱਤੀ। ਖਾਲਸੇ ਦੇ ਸੰਬੰਧ ਵਿੱਚ ਆਪ ਨੇ ਬੜੇ ਨਿਮਰਤਾ ਭਰੇ ਸ਼ਬਦ ਵਰਤੇ ਹਨ:-

ਜੁਧ ਜਿਤੇ ਇਨਹੀ ਕੇ ਪ੍ਰਸਾਦਿ ਇਨਹੀ ਕੇ ਪ੍ਰਸਾਦਿ ਸੁ ਦਾਨ ਕਰੇ।<br>
ਅਘ  ਓਘ ਟਰੇ ਇਨਹੀ ਕੇ ਪ੍ਰਸਾਦਿ ਇਨਹੀ ਕੀ ਕ੍ਰਿਪਾ ਫੁਨ ਧਾਮ ਭਰੇ।<br>
ਇਨਹੀ ਕੇ ਪ੍ਰਸਾਦਿ ਸੁ ਬਿਦਯਾ ਲਈ ਇਨਹੀ ਕੀ ਕ੍ਰਿਪਾ ਸਭ ਸਤ੍ਰੂ ਮਰੈ।<br>
ਇਨਹੀ ਕੀ ਕ੍ਰਿਪਾ ਕੇ ਸਜੇ ਹਮ ਹੈਂ ਨਹੀਂ ਮੋ ਸੋ ਗਰੀਬ ਕਰੋਰ ਪਰੇ।

ਗੁਰੂ ਜੀ ਨੇ ਖਾਲਸੇ ਨੂੰ ਅੰਮ੍ਰਿਤ ਦੀ ਦਾਤ ਦੇ ਕੇ ਫਿਰ ਆਪ ਪੰਜਾਂ ਪਿਆਰਿਆਂ ਕੋਲੋਂ ਅੰਮ੍ਰਿਤ ਛਕਿਆ ਅਤੇ ਆਪਣੇ ਆਪ ਨੂੰ ਖਾਲਸੇ ਨਾਲ ਅਭੇਦ ਕੀਤਾ ਤੇ ਕਿਹਾ:-

ਖਾਲਸਾ ਮੇਰੋ ਰੂਪ ਹੈ ਖਾਸ। ਖਾਲਸੇ ਮੇ ਹਉਂ ਕਰਉਂ ਨਿਵਾਸ।

ਖਾਲਸਾ ਮੇਰੀ ਜਾਨ ਕੀ ਜਾਨ। ਖਾਲਸਾ ਮੇਰੋ ਪ੍ਰਾਨ ਕੇ ਪ੍ਰਾਨ।

ਇਸ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਿੱਛੋਂ ਖਾਲਸਾ ਗੁਰੂ ਪਦ ਦਾ ਅਧਿਕਾਰੀ ਹੋ ਗਿਆ। ਸਮੁੱਚੇ ਖਾਲਸੇ ਦਾ ਫੈਸਲਾ ਗੁਰੂ ਦੇ ਫੈਸਲੇ ਤੁਲ ਸਮਝਿਆ ਜਾਂਦਾ ਸੀ। ਇਸੇ ਕਰਕੇ ਗੁਰਮਤੇ ਦਾ ਅਰਥ ਗੁਰੂ ਖਾਲਸੇ ਦੇ ਫੈਸਲੇ ਤੋਂ ਵੀ ਲਿਆ ਜਾਂਦਾ ਹੈ। "ਖਾਲਸਾ" ਸਿੱਖ ਸੰਗਤਾਂ ਦਾ ਪੁਨਰ ਸੰਗਠਨ ਸੀ। ਗੁਰੂ ਨਾਨਕ ਸਾਹਿਬ ਤੋਂ ਲੈ ਕੇ ਗੁਰੂ ਤੇਗ ਬਹਾਦਰ ਜੀ ਦੇ ਸਮੇਂ ਤੱਕ ਦੂਰ-ਦੂਰ ਥਾਵਾਂ ਤੇ ਸੰਗਤਾਂ ਅਸਥਾਪਤ ਹੁੰਦੀਆਂ ਰਹੀਆਂ। ਇਨ੍ਹਾਂ ਸੰਗਤਾਂ ਨਾਲ ਸੰਪਰਕ ਰੱਖਣ ਲਈ ਗੁਰੂ ਅਮਰ ਦਾਸ ਜੀ ਨੇ ਮੰਜੀ ਪ੍ਰਥਾ ਅਤੇ ਗੁਰੂ ਰਾਮ ਦਾਸ ਜੀ ਅਤੇ ਗੁਰੂ ਅਰਜਨ ਸਾਹਿਬ ਜੀ ਨੇ ਮਸੰਦ ਪ੍ਰਥਾ ਤੋਰੀ। ਗੁਰੂ ਗੋਬਿੰਦ ਸਿੰਘ ਜੀ ਨੇ ਸੰਗਤਾਂ ਦਾ ਪੁਨਰ ਸੰਗਠਨ ਖਾਲਸੇ ਵਿਚ ਕੀਤਾ ਖਾਲਸੇ ਨੂੰ ਸਭ ਸ਼ਕਤੀਆਂ ਪ੍ਰਦਾਨ ਕੀਤੀਆਂ ਅਤੇ ਆਪਣਾ ਰੂਪ ਦੇ ਕੇ ਗੁਰ ਗੱਦੀ ਤੇ ਨਿਵਾਜਿਆ।

ਭਾਵੇਂ ਖਾਲਸੇ ਦੀ ਉੱਚਤਾ ਗੁਰੂ ਗੋਬਿੰਦ ਸਿੰਘ ਜੀ ਨੇ ਆਪ ਹੀ ਅਸਥਾਪਤ ਕੀਤੀ ਸੀ ਪਰ ਗੁਰਮਤੇ ਦਾ ਆਰੰਭ ਅਤੇ ਵਿਕਾਸ ਗੁਰੂ ਗੋਬਿੰਦ ਸਿੰਘ ਜੀ ਤੋਂ ਪਿੱਛੋਂ ਹੋਇਆ। 1716 ਈਸਵੀ ਵਿੱਚ ਬਾਬੇ ਬੰਦੇ ਦੀ ਸ਼ਹੀਦੀ ਪਿਛੋਂ ਸਿੱਖਾਂ ਨੂੰ ਬੜੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ। 1716 ਤੋਂ 1726 ਈ: ਤੱਕ ਖਾਨ ਬਹਾਦਰ ਅਬਦੁਸ ਸਮੱਦ ਖਾਂ ਦਾ ਰਾਜ ਤੇ ਉਸ ਤੋਂ ਪਿੱਛੋਂ ਉਸ ਦੇ ਪੁੱਤਰ ਜ਼ਕਰੀਆ ਖਾਂ ਦਾ ਰਾਜ (1726 ਤੋਂ 1745) ਸਿੱਖਾਂ ਲਈ ਬੜੇ ਭਿਆਨਕ ਸਮੇਂ ਸਨ। ਸਿੱਖਾਂ ਨੂੰ ਪਿੰਡਾਂ ਤੇ ਸ਼ਹਿਰਾਂ ਵਿਚੋਂ ਬਾਹਰ ਕੱਢਣ ਲਈ ਗਸ਼ਤੀ ਫੌਜਾਂ ਭੇਜੀਆਂ ਗਈਆਂ। ਸਿੱਖਾਂ ਦੇ ਸਿਰਾਂ ਦੇ ਮੁੱਲ ਰੱਖੇ ਗਏ। ਸਿੱਖ ਬਣਨਾ ਮੌਤ ਮੁੱਲ ਲੈਣ ਦੇ ਤੁੱਲ ਸੀ। ਇਸ ਨੂੰ ਸਿੱਖਾਂ ਦੀ ਸ਼ਹੀਦੀ ਦਾ ਕਾਲ ਕਿਹਾ ਜਾ ਸਕਦਾ ਹੈ। ਇੱਕ ਸਮੇਂ ਭਾਈ ਤਾਰਾ ਸਿੰਘ ਵਾਂ, ਭਾਈ ਮਨੀ ਸਿੰਘ, ਭਾਈ ਬੋਤਾ ਸਿੰਘ ਅਤੇ ਹੋਰ ਅਨੇਕਾਂ ਸਿੰਘ ਧਰਮ ਤੋਂ ਜਾਨਾਂ ਕੁਰਬਾਨ ਕਰਦੇ ਹੋਏ ਸ਼ਹੀਦੀਆਂ ਪ੍ਰਾਪਤ ਕਰ ਗਏ। ਇਸ ਤੋਂ ਪਿੱਛੋਂ ਮੀਰ ਮੰਨੂ ਦਾ ਸਮਾਂ (1748 ਤੋਂ

1753 ਈਸਵੀ) ਇਸ ਤੋਂ ਵੱਧ ਭਿਆਨਕ ਸੀ। ਸਿੱਖ ਪਰਿਵਾਰਾਂ ਤੇ ਬੀਬੀਆਂ ਨੂੰ ਫੜ ਲਿਆ ਜਾਂਦਾ ਅਤੇ ਨਵੀਨ ਲਾਹੌਰ ਰੇਲਵੇ ਸਟੇਸ਼ਨ ਦੇ ਕੋਲ ਨਖਾਸ ਦੇ ਅਸਥਾਨ ਤੇ ਜਿਸ ਨੂੰ ਅੱਜ ਕੱਲ੍ਹ 'ਸ਼ਹੀਦ ਗੰਜ' ਕਿਹਾ ਜਾਂਦਾ ਹੈ ਤੇ ਤਸੀਹੇ ਦਿੱਤੇ ਜਾਂਦੇ ਸਨ। ਇਸ ਸਮੇਂ ਨੂੰ ਹੀ ਸਿੱਖ ਹਰ ਰੋਜ਼ ਅਰਦਾਸ ਵਿਚ ਯਾਦ ਕਰਦੇ ਹਨ:-

ਜਿਨ੍ਹਾਂ ਸਿੰਘਾਂ ਸਿੰਘਣੀਆਂ ਨੇ ਧਰਮ ਹੇਤ ਸੀਸ ਦਿੱਤੇ, ਬੰਦ ਬੰਦ ਕਟਾਏ, ਖੋਪਰੀਆਂ ਲੁਹਾਈਆਂ, ਚਰਖੀਆਂ ਤੇ ਚੜ੍ਹੇ, ਆਰਿਆਂ ਨਾਲ ਚਰਾਏ ਗਏ, ਸਿੱਖੀ ਕੇਸਾਂ ਸੁਆਸਾਂ ਨਾਲ ਨਿਵਾਹੀ ਤਿਨਾਂ ਦੀ ਕਮਾਈ ਦਾ ਧਿਆਨ ਕਰਕੇ ਖਾਲਸਾ ਜੀ ਬੋਲੋ ਜੀ ਵਾਹਿਗੁਰੂ !

ਇਨ੍ਹਾਂ ਭਿਆਨਕ ਸਮਿਆਂ ਵਿਚ ਗੁਰਮਤਾ ਪ੍ਰਣਾਲੀ ਦਾ ਵਿਕਾਸ ਹੋਇਆ।

ਜਦੋਂ ਸਿੱਖ ਜੰਗਲਾਂ ਵਿੱਚ ਰਹਿੰਦੇ ਜਾਂ ਪਹਾੜਾਂ ਦੀਆਂ ਕੰਦਰਾਂ ਵਿਚ ਛੁੱਪ ਕੇ ਗੁਜ਼ਾਰਾ ਕਰਦੇ ਤਾਂ ਉਨ੍ਹਾਂ ਦੇ ਸਾਹਮਣੇ ਇਕੋ ਹੀ ਆਦਰਸ਼ ਹੁੰਦਾ। ਉਹ ਆਦਰਸ਼ ਸੀ ਧਰਮ ਖ਼ਾਤਰ ਜਿਊਣਾ ਅਤੇ ਧਰਮ ਵਾਸਤੇ ਹੀ ਮਰਨਾ। ਜਦੋਂ ਕੋਈ ਵਿਸ਼ੇਸ਼ ਔਕੜ ਆਉਂਦੀ ਤਾਂ ਸਾਰੇ ਇੱਕ ਥਾਂ ਤੇ ਇਕੱਤਰ ਹੁੰਦੇ ਤੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿੱਚ ਮਿਲ ਕੇ ਫੈਸਲਾ ਕਰਦੇ। ਇਸ ਸਮੁੱਚੇ ਤੌਰ ਤੇ ਕੀਤੇ ਗਏ ਫੈਸਲੇ ਨੂੰ ਗੁਰਮਤਾ ਕਹਿੰਦੇ। ਗੁਰਮਤੇ ਨੂੰ ਗੁਰੂ ਦਾ ਹੁਕਮ ਸਮਝਿਆ ਜਾਂਦਾ ਤੇ ਹਰ ਇੱਕ ਸਿੱਖ ਇਸ ਨੂੰ ਗੁਰੂ ਦਾ ਹੁਕਮ ਕਰਕੇ ਮੰਨਦਾ।

**ਗੁਰਮਤੇ ਦਾ ਨਿਕਾਸ ਤੇ ਵਿਕਾਸ**

ਪਹਿਲਾਂ ਗੁਰਮਤਾ ਕਿੱਥੇ ਤੇ ਕਦੋਂ ਹੋਇਆ ਇਸਦਾ ਪਤਾ ਨਹੀਂ ਚਲਦਾ। ਪਰ ਇੱਕ ਗੱਲ ਸਪੱਸ਼ਟ ਹੈ ਕਿ ਗੁਰਮਤਾ ਕਿਸੇ ਸਾਂਝੇ ਤੇ ਧਰਮ ਦੇ ਕੰਮ ਵਾਸਤੇ ਹੀ ਹੁੰਦਾ ਸੀ, ਕਿਸੇ ਸਵਾਰਥੀ ਤੇ ਨਿਜੀ ਕੰਮ ਵਾਸਤੇ ਨਹੀਂ। ਉਨ੍ਹਾਂ ਵਿਸ਼ਿਆਂ ਤੇ ਗੁਰਮਤਾ ਕੀਤਾ ਜਾਂਦਾ ਸੀ ਜਿਹੜੇ ਸਿੱਖ ਮੱਤ ਦੇ ਮੁੱਢਲੇ ਅਸੂਲਾਂ ਦੀ ਪੁਸ਼ਟੀ ਕਰਦੇ ਸਨ ਜਿਵੇਂ ਜ਼ੁਲਮ ਵਿਰੁੱਧ ਲੜਾਈ, ਗੁਰਦਵਾਰਿਆਂ ਦੀ ਰੱਖਿਆ ਆਦਿ। 1748 ਈਸਵੀ ਤੋਂ ਪਹਿਲਾਂ ਸਾਰੇ ਸਿੱਖ ਜਥਿਆਂ ਵਿੱਚ ਵੰਡੇ ਹੋਏ ਸਨ ਤੇ ਇਹ ਸਾਰੇ ਵੱਖ-ਵੱਖ ਥਾਵਾਂ ਤੇ ਫਿਰਦੇ ਰਹਿੰਦੇ

ਸਨ। ਫੇਰ ਹੌਲੀ-ਹੌਲੀ ਇਹ ਦੋ ਵੱਡੇ ਦਲਾਂ ਵਿੱਚ ਵੰਡੇ ਗਏ- ਇੱਕ ਬੁੱਢਾ ਦਲ ਅਤੇ ਦੂਜਾ ਤਰਣਾ ਦਲ। ਸਭ ਤੋਂ ਵਧੇਰੇ ਮਹਾਨਤਾ ਵਾਲਾ ਗੁਰਮਤਾ 1748 ਈਸਵੀ ਵਿਚ ਵਿਸਾਖੀ ਦੇ ਸਮੇਂ ਤੇ ਹੋਇਆ ਜਾਪਦਾ ਹੈ। ਇਹ ਉਹ ਸਮਾਂ ਸੀ ਜਦੋਂ ਅਹਿਮਦ ਸ਼ਾਹ ਦੁਰਾਨੀ ਜਾਂ ਅਬਦਾਲੀ ਨੇ ਪਹਿਲੀ ਵਾਰ ਪੰਜਾਬ ਤੇ ਹਮਲਾ ਕੀਤਾ ਸੀ। ਅਹਿਮਦ ਸ਼ਾਹ ਆਪਣੇ ਮਾਲਕ ਨਾਦਰ ਸ਼ਾਹ ਨਾਲ ਵੀ ਭਾਰਤ ਵਿੱਚ ਆਇਆ ਸੀ। ਨਾਦਰ ਸ਼ਾਹ ਦੀ ਮੌਤ ਪਿਛੋਂ ਅਹਿਮਦ ਸ਼ਾਹ ਨੇ ਮੌਜੂਦਾ ਅਫ਼ਗਾਨਿਸਤਾਨ ਦੇ ਰਾਜ ਦੀ ਨੀਂਹ ਰੱਖੀ। ਉਹ ਅਫ਼ਗਾਨਿਸਤਾਨ ਦੀਆਂ ਹੱਦਾਂ ਵਧਾਉਣਾ ਚਾਹੁੰਦਾ ਸੀ ਇਸ ਲਈ ਉਸਨੇ ਪੰਜਾਬ ਤੇ ਕਈ ਹਮਲੇ ਕੀਤੇ। ਉਸ ਦਾ ਪਹਿਲਾ ਹਮਲਾ 1747-48 ਵਿੱਚ ਹੋਇਆ। ਉਸ ਵੇਲੇ ਦਿੱਲੀ ਦੀ ਮੁਗ਼ਲ ਸਰਕਾਰ ਬਹੁਤ ਕਮਜ਼ੋਰ ਪੈ ਚੁੱਕੀ ਸੀ। ਮੁਹੰਮਦ ਸ਼ਾਹ ਰੰਗੀਲਾ ਰਾਜ ਸ਼ਾਸ਼ਨ ਦੇ ਕੰਮਾਂ ਵਿੱਚ ਕੋਈ ਦਿਲਚਸਪੀ ਨਹੀਂ ਸੀ ਰੱਖਦਾ। ਵਜ਼ੀਰ ਕਮਰਉਦੀਨ ਜੋ ਪੰਜਾਬ ਦੇ ਗਵਰਨਰ ਅਬਦੁਲ ਸਮੱਦ ਖਾਂ ਦੇ ਤੇ ਉਸਦੇ ਪੁੱਤਰ ਦਾ ਨਜ਼ਦੀਕੀ ਸੰਬੰਧੀ ਅਤੇ ਪੰਜਾਬ ਦੇ ਆਖ਼ਰੀ ਮੁਗ਼ਲ ਗਵਰਨਰ ਮੀਰ ਮੰਨੂੰ ਦਾ ਪਿਤਾ ਸੀ ਪੰਜਾਬ ਦੀ ਸਰਕਾਰ ਨੂੰ ਇੱਕ ਘਰੋਗੀ ਮਾਮਲਾ ਸਮਝਦਾ ਸੀ। ਜ਼ਕਰੀਆ ਖਾਂ ਦੀ ਮੌਤ ਪਿੱਛੋਂ ਉਸ ਦੇ ਪੁੱਤਰ ਆਪਸ ਵਿਚ ਲੜ ਰਹੇ ਸਨ ਜਦੋਂ ਅਹਮਿਦ ਸ਼ਾਹ ਅਬਦਾਲੀ ਦਾ ਪਹਿਲਾ ਹਮਲਾ ਹੋਇਆ ਤਾਂ ਬਜ਼ੁਰਗ ਕਮਰਉਦੀਨ ਬਹੁਤ ਸਾਰੀਆਂ ਫੌਜਾਂ ਲੈ ਕੇ ਅਹਿਮਦ ਸ਼ਾਹ ਅਬਦਾਲੀ ਨੂੰ ਰੋਕਣ ਆਇਆ। ਮਨੂੰਪੁਰ ਦੀ ਲੜਾਈ ਵਿਚ ਆਪ ਮਾਰਿਆ ਗਿਆ। ਜਿੱਤ ਭਾਵੇਂ ਮੁਗ਼ਲ ਫੌਜਾਂ ਦੀ ਹੋਈ ਪਰ ਬਹੁਤ ਮਹਿੰਗੀ ਪਈ। ਲੜਾਈ ਵਿਚ ਮੀਰ ਮੰਨੂੰ ਨੇ ਬਹਾਦਰੀ ਵਿਖਾਈ ਸੀ ਇਸ ਲਈ ਉਸ ਨੂੰ ਪੰਜਾਬ ਦਾ ਗਵਰਨਰ ਬਣਾ ਦਿੱਤਾ ਗਿਆ। ਜਦੋਂ ਪੰਜਾਬ ਵਿਚ ਇਹ ਰਾਜਸੀ ਉਥਲ-ਪੁਥੱਲ ਹੋ ਰਹੀ ਸੀ ਤਾਂ ਨਵਾਬ ਕਪੂਰ ਸਿੰਘ ਨੇ ਸਾਰੇ ਖਾਲਸੇ ਨੂੰ ਅੰਮ੍ਰਿਤਸਰ ਵਿਸਾਖੀ ’ਤੇ ਇਕੱਠਾ ਕੀਤਾ ਤੇ ਗੁਰਮਤਾ ਸੋਧਿਆ ਕਿ ਅੱਗੋਂ ਸਾਰੇ ਸਿੱਖ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਦੀ ਸਰਦਾਰੀ ਹੇਠਾਂ ਲੜਿਆ ਕਰਨਗੇ। ਸਾਰਿਆਂ ਜਥਿਆਂ ਦਾ ਇੱਕੋ ਹੀ ਕਮਾਂਡਰ ਹੋਵੇਗਾ ਤੇ ਇੱਕੋ ਹੀ ਫੌਜ ਵੈਰੀਆਂ ਨਾਲ ਲੜੇਗੀ ਤੇ ਉਸ ਦਾ ਸਮੁੱਚਾ ਨਾਂ ‘ਦਲ ਖਾਲਸਾ’ ਹੋਵੇਗਾ। 1748 ਦੇ ਗੁਰਮਤੇ ਨੇ ਸਾਰੀ ਖਾਲਸਾ ਕੌਮ ਨੂੰ ਇੱਕ ਮੁੱਠ ਕਰ ਦਿੱਤਾ ਤੇ ਖਿੰਡੀ ਸ਼ਕਤੀ ਸੰਯੁਕਤ ਕਰਕੇ ਪੰਜਾਬ ਵਿਚ ਇਹ ਨਵੀਂ ਰਾਜਸੀ ਤਾਕਤ ਦੀ ਨੀਂਹ ਰੱਖੀ।

**ਗੁਰਮਤੇ ਦਾ ਸੁਨਹਿਰੀ ਕਾਲ 1748-1805 ਈਸਵੀ:**

1745 ਤੋਂ 1805 ਈਸਵੀ ਤੱਕ ਗੁਰਮਤੇ ਦੀ ਪ੍ਰਧਾਨਤਾ ਤੇ ਪ੍ਰਮੁੱਖਤਾ ਉੱਚਤ ਸੀ। ਇਸ ਸਮੇਂ ਨੂੰ ਮਲਕੈਮ "ਸਕੈਚ ਦੀ ਸਿੱਖਸ" ਵਿਚ ਗੁਰਮਤੇ ਦਾ ਯੁੱਗ ਕਹਿੰਦਾ ਹੈ ਕਿਉਂਕਿ ਇਸ ਸਮੇਂ ਸਿੱਖਾਂ ਦੇ ਸਾਰੇ ਮਹੱਤਵਪੂਰਨ ਫੈਸਲੇ ਗੁਰਮਤਾ ਪ੍ਰਣਾਲੀ ਰਾਹੀਂ ਹੋਏ। ਗੁਰਮਤੇ ਦਾ ਨਾਂ ਗਰੇਟ ਨੈਸ਼ਨਲ ਕੌਂਸਲ ਸੀ। ਗੁਰਮਤਾ ਧਰਮ ਤੇ ਨਿਰਧਾਰਤ ਸੀ ਤੇ ਧਰਮ ਉਸ ਸਮੇਂ ਦੇ ਸਿੱਖਾਂ ਦਾ ਜੀਵਨ ਅਧਾਰ। ਇਸ ਲਈ ਜੀਵਨ ਦੇ ਹਰ ਪੱਖ ਲਈ ਗੁਰਮਤਾ ਸਰੇਸ਼ਟ ਸੀ। ਇਹ ਕੌਮ ਦਾ ਸਮੁੱਚਾ ਫੈਸਲਾ ਸੀ ਜਿਸਨੂੰ ਮੰਨਣਾ ਹਰ ਸਿੱਖ ਦਾ ਫ਼ਰਜ਼ ਹੁੰਦਾ ਸੀ।

ਗੁਰਮਤੇ ਦਾ ਵਿਕਾਸ ਵਿਸ਼ੇਸ਼ ਕਰਕੇ ਮਿਸਲਾਂ ਦੇ ਵਿਕਾਸ ਨਾਲ ਹੋਇਆ। ਜਿਉਂ-ਜਿਉਂ ਰਾਜਸੀ ਸੱਤਾ ਸਿੱਖਾਂ ਹੱਥ ਆਈ ਤਾਂ ਸਿੱਖਾਂ ਨੇ ਸਮੇਂ ਅਨੁਸਾਰ ਇੱਕ ਰਾਜ ਪ੍ਰਣਾਲੀ ਅਪਣਾਈ ਜਿਸ ਨਾਲ ਸਮੁੱਚੇ ਪੰਥ ਦਾ ਰਾਜ ਪੰਜਾਬ ਤੇ ਅਸਥਾਪਤ ਹੋ ਸਕੇ। ਸਮੁੱਚੇ ਤੌਰ ਤੇ ਖਾਲਸੇ ਨੂੰ ਅਹਿਮਦ ਸ਼ਾਹ ਅਬਦਾਲੀ ਨਾਲ ਲੜਨਾ ਪਿਆ ਸੀ। 1773 ਈਸਵੀ ਵਿਚ ਉਸ ਦੀ ਮੌਤ ਪਿੱਛੋਂ ਤਾਂ ਪੱਕੇ ਤੌਰ ਤੇ ਸਿੱਖ ਸਰਦਾਰਾਂ ਨੇ ਇਲਾਕੇ ਮੱਲਣੇ ਆਰੰਭ ਕਰ ਦਿੱਤੇ। ਅਠ੍ਹਾਰਵੀਂ ਸਦੀ ਦੇ ਵਿਚਕਾਰਲੇ ਦਹਾਕਿਆਂ ਵਿਚ ਮੁਗ਼ਲਾਂ, ਪਠਾਣਾਂ ਅਤੇ ਮਰਹੱਟਿਆਂ ਦੀ ਤਿਕੋਨੀ ਲੜਾਈ ਨੇ ਸਿੱਖਾਂ ਨੂੰ ਸੰਗਠਿਤ ਹੋਣ ਦਾ ਅਵਸਰ ਦਿੱਤਾ। 1756 ਈਸਵੀ ਤੱਕ ਮੁਗ਼ਲ ਤੇ ਪਠਾਣ ਲੜਦੇ ਰਹੇ ਤੇ 1756 ਈਸਵੀ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਦਿੱਲੀ ਜਿੱਤ ਕੇ ਮੁਗ਼ਲ ਤਾਕਤ ਨੂੰ ਨਸ਼ਟ ਕਰ ਦਿੱਤਾ। 1761 ਈਸਵੀ ਦੇ ਆਰੰਭ ਵਿੱਚ ਅਬਦਾਲੀ ਨੇ ਮਰਹੱਟਿਆਂ ਨੂੰ ਭਾਂਜ ਦਿੱਤੀ ਅਤੇ ਉਸ ਤੋਂ ਪਿੱਛੋਂ ਸਿੱਖਾਂ ਤੇ ਅਫ਼ਗਾਨਾਂ ਦੀ ਸਿੱਧੀ ਲੜਾਈ ਆਰੰਭ ਹੋਈ। 1762 ਈਸਵੀ ਦੇ ਵੱਡੇ ਘੱਲੂਘਾਰੇ ਪਿੱਛੋਂ 1763 ਈਸਵੀ ਵਿਚ ਸਿੱਖਾਂ ਨੇ ਸਰਹੰਦ ਦੇ ਅਫ਼ਗਾਨ ਗਵਰਨਰ ਜ਼ੈਨ ਖਾਂ ਨੂੰ ਲੜਾਈ ਵਿਚ ਮਾਰ ਦਿੱਤਾ ਤੇ ਉਸ ਦੇ ਇਲਾਕੇ ਸਭ ਸਰਦਾਰਾਂ ਨੇ ਵੰਡ ਲਏ। ਹਰ ਸਰਦਾਰ ਆਪਣੇ-ਆਪਣੇ ਇਲਾਕੇ ਵਿਚ ਆਜ਼ਾਦ ਹੁੰਦਾ ਸੀ। ਉਹ ਆਪਣੇ ਇਲਾਕੇ ਦਾ ਰਾਜ ਪ੍ਰਬੰਧ ਆਪ ਕਰਦਾ ਸੀ, ਮਾਲੀਆ ਵਸੂਲ ਕਰਦਾ, ਫੌਜਾਂ ਰੱਖਦਾ ਤੇ ਝਗੜਿਆਂ ਦਾ ਫੈਸਲਾ ਕਰਦਾ ਅਤੇ ਆਪਣੇ ਇਲਾਕੇ ਵਿਚ ਅਮਨ ਕਾਇਮ ਰੱਖਣ ਦਾ ਉਹ ਆਪ ਜ਼ਿੰਮੇਂਵਾਰ ਹੁੰਦਾ ਸੀ। ਪਰ ਉਸਦੇ ਦੂਸਰੇ ਸਿੱਖ ਸਰਦਾਰਾਂ ਨਾਲ ਕੀ

ਸੰਬੰਧ ਸਨ ਜਾਂ ਸਮੁੱਚੇ ਖਾਲਸਾ ਪੰਥ ਵਿਚ ਉਸ ਦਾ ਕੀ ਫ਼ਰਜ਼ ਸੀ ਜਾਂ ਕਿਵੇਂ ਉਸਨੇ ਸਮੁੱਚੇ ਤੌਰ ਦੇ ਦੇਸ਼ ਜਾਂ ਪੰਥ ਦੀ ਰੱਖਿਆ ਕਰਨੀ ਸੀ, ਇਨ੍ਹਾਂ ਸਭ ਗੱਲਾਂ ਦਾ ਫ਼ੈਸਲਾ ਗੁਰਮਤਾ ਪ੍ਰਣਾਲੀ ਰਾਹੀਂ ਹੁੰਦਾ ਸੀ। ਇਸ ਕਰਕੇ ਗੁਰਮਤਾ ਪ੍ਰਣਾਲੀ ਨੂੰ ਸਿੱਖਾਂ ਦੀ ਕੇਂਦਰੀ ਸਰਕਾਰ ਅਤੇ ਉਨ੍ਹਾਂ ਸਾਰਿਆਂ ਨੂੰ ਇੱਕਮੁੱਠ ਰੱਖਣ ਵਾਲੀ ਮਹਾਨ ਸ਼ਕਤੀ ਮੰਨਿਆ ਜਾਂਦਾ ਸੀ। (ਵੇਖੋ ਜੀ. ਐਲ. ਚੋਪੜੇ ਦੀ ਪੰਜਾਬ ਐਜ਼ ਸਾਵਰੇਨ ਸਟੇਟ ਦੀ ਭੂਮਿਕਾ)

ਸਾਰੇ ਸਿੱਖ ਵਿਸਾਖੀ ਅਤੇ ਦਿਵਾਲੀ ਨੂੰ ਅੰਮ੍ਰਿਤਸਰ ਇਕੱਠੇ ਹੁੰਦੇ। ਅਕਾਲ ਬੁੰਗੇ ਬੈਠ ਕੇ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਫੈਸਲੇ ਕਰਦੇ। ਹਰ ਮਿਸਲ ਦੇ ਮੁਖੀ ਨੇ ਆਪਣੇ ਅਤੇ ਆਪਣੀ ਮਿਸਲ ਦੇ ਸਿੱਖਾਂ ਦੇ ਰਹਿਣ ਲਈ ਦਰਬਾਰ ਸਾਹਿਬ ਦੀ ਪਰਕਰਮਾ ਵਿਚ ਬੁੰਗੇ ਬਣਵਾਏ ਹੋਏ ਸਨ ਅਤੇ ਉਹ ਆਮ ਤੌਰ ਤੇ ਉਹਨਾਂ ਬੁੰਗਿਆਂ ਵਿਚ ਹੀ ਆ ਕੇ ਠਹਿਰਦੇ। ਮਿਸਲਾਂ ਦੇ ਮੁਖੀ ਅਤੇ ਉਨ੍ਹਾਂ ਦੇ ਸਾਥੀ ਨਾਲ- ਨਾਲ ਹੀ ਬੈਠਦੇ ਸਨ ਤਾਂ ਜੋ ਹਰ ਤਜਵੀਜ਼ ਤੇ ਆਪਸ ਵਿੱਚ ਸਲਾਹ ਮਸ਼ਵਰਾ ਕਰ ਸਕਣ। ਹਰ ਇੱਕ ਨੂੰ ਆਪਣੀ ਰਾਏ ਦੇਣ ਦਾ ਅਧਿਕਾਰ ਹੁੰਦਾ ਸੀ। ਇਹ ਫੈਸਲੇ ਆਮ ਤੌਰ ਤੇ ਸਰਬ ਸੰਮਤੀ ਨਾਲ ਹੀ ਹੁੰਦੇ ਸਨ। ਮਿਸਲਾਂ ਦੇ ਮੁਖੀਆਂ ਦੇ ਆਪਸ ਵਿਚ ਭਾਵੇਂ ਕਿੰਨੇ ਹੀ ਝਗੜੇ ਹੋਣ ਉਹ ਦਰਬਾਰ ਸਾਹਿਬ ਆ ਕੇ ਅਤੇ ਸੰਗਤ ਵਿਚ ਬੈਠ ਕੇ ਵੈਰ ਵਿਰੋਧ ਭੁੱਲ ਜਾਂਦੇ ਸਨ ਅਤੇ ਨਿੱਜੀ ਸਵਾਰਥ ਭੁੱਲ ਜਾਂਦੇ ਸਨ। ਜਾਨ ਮੈਲਕਮ ਨੇ 1805 ਵਿਚ ਏਸੀਆਟਿਕ ਸੋਸਾਇਟੀ ਲਈ 'ਸਕੈਚ ਆਫ਼ ਦੀ ਸਿੱਖਸ' ਲਿਖਿਆ ਸੀ। ਉਸ ਵਿਚ ਉਹ ਗੁਰਮਤੇ ਬਾਰੇ ਇਸ ਤਰ੍ਹਾਂ ਲਿਖਦਾ ਹੈ:-

"When a Gurmatta or great national council is called …all the Sikh chiefs assembled at Amritsar. The assembly which is called the Gurmatta is convened by the Akalis, and when the chiefs meet upon the solemn occasion, it is concluded that all private animosities cease and every man sacrifices his personal feelings at the shrine of general good and actuated by the principles of

pure patriotism, thinks of nothing but the interests of the religion and the commonwealth to which he belongs." Sikh Religion-page 121).

"ਜਦੋਂ ਗੁਰਮਤਾ ਜਾਂ ਇਸ ਮਹਾਨ ਕੌਮੀ ਕੌਂਸਲ ਦਾ ਸਮਾਗਮ ਹੁੰਦਾ ਤਾਂ ਸਾਰੇ ਸਿੱਖਾਂ ਦੇ ਮੁੱਖੀਏ (ਮਿਸਲਦਾਰ) ਅੰਮ੍ਰਿਤਸਰ ਇਕੱਠੇ ਹੁੰਦੇ। ਉਹ ਸਭਾ ਜਿਸ ਵਿਚ ਗੁਰਮਤਾ ਪਾਸ ਕੀਤਾ ਜਾਂਦਾ ਅਕਾਲੀਆਂ ਵੱਲੋਂ ਸੱਦੀ ਜਾਂਦੀ ਸੀ। ਇਸ ਪਵਿੱਤਰ ਸਮੇਂ ਜਦੋਂ ਸਰਦਾਰ ਮਿਲਦੇ ਤਾਂ ਆਪਸੀ ਵੈਰ ਵਿਰੋਧ ਖ਼ਤਮ ਕਰ ਦੇਂਦੇ। ਹਰ ਸਿੱਖ ਜਾਤੀ ਰੰਜਸ਼ਾਂ ਨੂੰ ਸਮੁੱਚੀ ਭਲਾਈ ਲਈ ਕੁਰਬਾਨ ਕਰ ਦੇਂਦਾ ਅਤੇ ਕੇਵਲ ਕੌਮੀ ਅਸੂਲਾਂ ਅਤੇ ਦੇਸ਼ ਭਗਤੀ ਤੋਂ ਪ੍ਰੇਰਤ ਹੋ ਕੇ ਸਿਵਾਏ ਆਪਣੇ ਧਰਮ ਦੇ ਅਤੇ ਸਮੁਚੇ ਪੰਥ ਦੇ ਜਿਸ ਦਾ ਉਹ ਮੈਂਬਰ ਸੀ, ਨੂੰ ਸਾਮ੍ਹਣੇ ਰੱਖਣ ਤੋਂ ਸਿਵਾਏ ਹੋਰ ਕੁੱਝ ਨਹੀਂ ਸੋਚਦਾ ਸੀ।"

ਅਠਾਰ੍ਹਵੀਂ ਸਦੀ ਦੇ ਦੂਜੇ ਅੱਧ ਦੇ ਗੁਰਮਤੇ ਬਹੁ-ਪੱਖੀ ਹੁੰਦੇ ਸਨ। ਜੀਵਨ ਦੇ ਹਰ ਪੱਖ ਬਾਰੇ ਹੁੰਦੇ ਸਨ। ਭਾਵੇਂ ਉਹ ਰਾਜਸੀ ਹੋਵੇ, ਧਾਰਮਕ ਹੋਵੇ ਜਾਂ ਸਮਾਜਕ ਅਤੇ ਆਰਥਕ ਜ਼ਿਆਦਾ ਕਰਕੇ ਇਲਾਕੇ ਵੰਡਣ ਦੇ ਝਗੜਿਆਂ ਦਾ ਫੈਸਲਾ ਇੱਥੇ ਕੀਤਾ ਜਾਂਦਾ ਸੀ। ਬਹੁਤ ਸਾਰਾ ਇਕੱਠਾ ਕੀਤਾ ਧਨ ਜੋ ਵੱਖ ਵੱਖ ਥਾਂਵਾਂ ਤੋਂ ਮਿਸਲਦਾਰ ਲਿਆਉਂਦੇ ਸਨ ਇਸ ਸਮੇਂ ਵੰਡਿਆ ਜਾਂਦਾ ਸੀ ਜਿਵੇਂ ਕਿ ਰਤਨ ਸਿੰਘ ਭੰਗੂ ਲਿਖਦੇ ਹਨ:-

ਮੁਲਕ ਲੂਟ ਅੰਮ੍ਰਿਤਸਰ ਆਵੇਂ। ਦਿਵਾਲੀ ਵਿਸਾਖੀ ਮੇਲਾ ਲਾਵੇਂ।
ਬੈਠ ਹਰਿਮੰਦਰ ਸੁਨੇਂ ਸੁ ਗਿਆਨ। ਗੁਰ ਬਚਨਨ ਪਰ ਜਾਵੇਂ ਧਯਾਨ।
ਅਕਾਲ ਬੁੰਗੇ ਚੜ ਤਖਤੇ ਬਹਿ ਹੈਂ। ਲਾਇ ਦੀਵਾਨ ਗੁਰਮਤ ਮਤੈਂ ਹੈਂ।
ਤਬ ਖਾਲਸਾ ਹੋਇ ਅਦਾਲਤ। ਅਸਿਖਨ ਗਾਰ ਸਿੰਘਨ ਪ੍ਰਤਿਪਾਲਤ...

ਲੂਟੇ ਖੋਹੇ ਹੋਇ ਜੋਊ ਤਿਨ ਕੋ ਮਿਲੇ ਨ ਸਾਫ। ਝੂਠਨ ਕੋ ਤਨਖਾਹ ਕਰੈਂ ਔ ਸਚਨ ਕਰਾਵੇਂ ਮਾਫ। (ਪੰਥ ਪ੍ਰਕਾਸ਼-ਪੰਨਾ 317-18)

ਦਿਵਾਲੀ ਅਤੇ ਵਿਸਾਖੀ ਸਮੇਂ ਹੀ ਸੈਨਿਕ ਵਿਉਂਤਾਂ ਦਾ ਫੈਸਲਾ ਕੀਤਾ ਜਾਂਦਾ ਸੀ ਕਿ ਕਿਸ ਤਰ੍ਹਾਂ ਅਹਿਮਦ ਸ਼ਾਹ ਅਬਦਾਲੀ ਦਾ ਟਾਕਰਾ ਕਰਨਾ ਹੈ। ਅਮਨ ਤੇ ਜੰਗ ਦਾ ਫੈਸਲਾ, ਸਾਂਝੇ ਕੰਮਾਂ ਵਾਸਤੇ ਮਾਇਆ ਇਕੱਤਰ ਕਰਨ ਦੇ ਫੈਸਲੇ ਕੀਤੇ ਜਾਂਦੇ ਸਨ। ਇਸ ਬਾਰੇ ਫਾਰੈਸਟਰ ਜੋ ਪੰਜਾਬ ਵਿਚ 1783 ਵਿਚ ਆਇਆ, ਆਪਣੇ ਸਫ਼ਰਨਾਮੇ ਵਿਚ ਇਸ ਤਰ੍ਹਾਂ ਲਿਖਦਾ ਹੈ:-

"The grand convention called in their language Gurmatta was that in which the army met to transact the more important affairs of the nation, as the declaration of war of peace forming alliances and detaching parties on the service of the year. The amount of the contribution levied on the public account was reported to this assembly and divided among chiefs, proportionally to the number of their troops." (Forster's Travels Vol. 1 page 330).

''ਇਸ ਮਹਾਨ ਸੰਮੇਲਨ ਨੂੰ ਉਹ ਆਪਣੀ ਭਾਸ਼ਾ ਵਿੱਚ ਗੁਰਮਤਾ ਆਖਦੇ ਹਨ। ਇਸ ਵਿਚ ਸੈਨਾ ਵਧੇਰੇ ਮਹੱਤਤਾ ਵਾਲੇ ਫੈਸਲੇ ਕਰਦੀ ਸੀ ਜਿਵੇਂ ਕਿ ਅਮਲ ਜਾਂ ਜੰਗ ਦਾ ਐਲਾਨ ਕਰਨਾ, ਹੋਰਾਂ ਤਾਕਤਾਂ ਨਾਲ ਸਮਝੌਤੇ ਕਰਨਾ। ਸਾਲ ਭਰ ਵਿਸ਼ੇਸ਼ ਸੇਵਾਵਾਂ ਤੇ ਵੱਖ ਵੱਖ ਜਥਿਆਂ ਨੂੰ ਨਿਯੁਕਤ ਕਰਨਾ। ਸਾਰੇ ਸਾਲ ਦੀ ਉਗਰਾਹੀ ਦਾ ਹਿਸਾਬ ਕਿਤਾਬ ਦੇਣਾ ਤੇ ਇਸ ਉਗਰਾਹੀ ਨੂੰ ਸਰਦਾਰਾਂ ਤੇ ਸੈਨਕਾਂ ਵਿਚ ਹਿਸਾਬ ਨਾਲ ਵੰਡਣਾ।''

ਗੁਰਮਤਾ ਪ੍ਰਣਾਲੀ ਦੁਆਰਾ ਨਾ ਕੇਵਲ ਆਰਥਕ, ਸੈਨਕ ਮਾਮਲਿਆਂ ਦੇ ਹੀ ਫੈਸਲੇ ਹੁੰਦੇ ਸਨ ਸਗੋਂ ਧਾਰਮਕ ਮਸਲਿਆਂ ਤੇ ਵੀ ਮਤੇ ਕੀਤੇ ਜਾਂਦੇ ਸਨ। ਜਦੋਂ ਅਹਿਮਦ ਸ਼ਾਹ ਅਬਦਾਲੀ ਨੇ ਵੱਡੇ ਘੱਲੂਘਾਰੇ ਪਿੱਛੋਂ ਦਰਬਾਰ ਸਾਹਿਬ ਅੰਮ੍ਰਿਤਸਰ ਢਾਹ ਦਿੱਤਾ ਤਾਂ ਦੋ ਕੁ ਮਹੀਨੇ ਬਾਅਦ ਖਾਲਸੇ ਨੇ ਵਿਸਾਖੀ ਦੇ ਸਮੇਂ ਤੇ ਗੁਰਮਤਾ ਕੀਤਾ ਤੇ ਦਰਬਾਰ ਸਾਹਿਬ ਦੀ ਉਸਾਰੀ ਆਰੰਭ ਕਰ ਦਿੱਤੀ। ਤਰਨ ਤਾਰਨ ਕੋਲ ਸੁਰ ਸਿੰਘ ਦੇ ਵਸਨੀਕ ਭਾਈ ਦੇਸ ਰਾਜ ਨੂੰ ਉਸਾਰੀ ਲਈ ਨਿਯੁਕਤ ਕੀਤਾ ਤੇ ਅਕਾਲ

ਤਖ਼ਤ ਤੋਂ ਹੁਕਮ ਜਾਰੀ ਕੀਤਾ ਕਿ ਸਭ ਰੁਪਏ ਉਸਾਰੀ ਲਈ ਭਾਈ ਦੇਸ ਰਾਜ ਨੂੰ ਦਿੱਤੇ ਜਾਣ। ਗਿਆਨੀ ਗਿਆਨ ਸਿੰਘ ਨੇ ਪੰਥ ਪ੍ਰਕਾਸ਼ ਵਿਚ ਇਸ ਬਾਰੇ ਇਸ ਤਰ੍ਹਾਂ ਲਿਖਿਆ:-

ਭਾਈ ਦੇਸ ਰਾਜ ਕੇ ਤਾਈ ਤਬੇ ਪੰਥ ਕਰ ਜੋਰ ਸੁਨਾਈ।
ਮੰਦਰ ਰਚੋ ਏਹ ਤੁਮ ਤੁਰਨਾ ਕਰੋ ਗੁਰੂ ਮਨੋਰਥ ਪੂਰਨਾ।
ਔਰ ਪੰਥ ਸਭ ਬਨੈ ਸਹਾਯਕਾ ਜੋ ਜੋ ਹੋਇ ਕਾਰ ਜਿਸ ਲਾਇਕਾ।
ਔ ਕਹਿ ਫਿਰ ਅਰਦਾਸ ਕਰਾਈ ਸਭ ਸਿਖਨ ਕੋ ਕਹਯੋ ਸੁਨਾਈ।

(ਪੰਥ ਪ੍ਰਕਾਸ਼, ਦੂਜੀ ਐਡੀਸ਼ਨ, ਪੰਨਾ 596)

ਗੁਰਮਤੇ ਰਾਹੀਂ ਨਾ ਕੇਵਲ ਖਾਲਸਾ ਨਿਜੀ ਫੈਸਲੇ ਕਰਦਾ ਸੀ ਸਗੋਂ ਦੁਖੀਆਂ ਦੀ ਇਮਦਾਦ ਲਈ ਵੀ ਫੈਸਲੇ ਤੇ ਗੁਰਮਤੇ ਸੋਧੇ ਜਾਂਦੇ ਸਨ। ਰਤਨ ਸਿੰਘ ਭੰਗੂ ਦੇ ਕਥਨ ਅਨੁਸਾਰ ਜਦੋਂ ਵਿਸਾਖੀ ਤੇ ਖਾਲਸਾ ਸੰਮਤ 1917 (ਭਾਵ 1760 ਈਸਵੀ) ਵਿਚ ਇਕੱਤਰ ਹੋਇਆ ਤਾਂ ਇੱਕ ਬ੍ਰਾਹਮਣ ਆ ਫਰਿਆਦੀ ਹੋਇਆ ਕਿ ਉਸਦੀ ਨਾਰ ਕਸੂਰ ਦੇ ਪਠਾਨਾਂ ਨੇ ਖੋਹ ਲਈ ਹੈ ਤੇ ਖਾਲਸਾ ਇਸ ਜ਼ੁਲਮ ਤੋਂ ਰੱਖਿਆ ਕਰੇ ਤੇ ਹਰੀ ਸਿੰਘ ਭੰਗੀ ਤੇ ਹੋਰ ਸਰਦਾਰ ਉਸੇ ਵੇਲੇ ਤਿਆਰ ਹੋ ਗਏ। ਕਸੂਰ ਫਤਹਿ ਕਰਕੇ ਬ੍ਰਾਹਮਣੀ ਉਸਨੂੰ ਵਾਪਸ ਕਰਵਾ ਦਿੱਤੀ। ਭੰਗੂ ਕਸੂਰੇ ਮਾਰਨ ਦੀ ਕਥਾ ਇਸ ਦੋਹਰੇ ਨਾਲ ਸਮਾਪਤ ਕਰਦਾ ਹੈ:-

ਪਠਾਨ ਸੁ ਤਬ ਹੀ ਮਾਰਕੈ ਬਿਪਨੀ ਦਈ ਫੜਾਇ।
ਜੈ ਜੈ ਕਰਤੇ ਸੋ ਗਯੋ ਅਪਨੇ ਬਦਲੋ ਪਾਇ।

**ਗੁਰਮਤਾ ਰਣਜੀਤ ਸਿੰਘ ਦੇ ਕਾਲ ਵਿੱਚ (1849 ਤੱਕ)**

ਗੁਰਮਤੇ ਰਾਹੀਂ ਫੈਸਲੇ ਕਰਨ ਦਾ ਇੱਕ ਸਭ ਤੋਂ ਵੱਡਾ ਲਾਭ ਇਹ ਸੀ ਕਿ ਹਰ ਸਿੱਖ ਆਪਣੀ ਰਾਏ ਦੇ ਸਕਦਾ ਸੀ। ਉੱਚਤਾ ਤੇ ਨੀਚਤਾ ਦਰਬਾਰ ਸਾਹਿਬ ਅੰਮ੍ਰਿਤਸਰ ਆ ਕੇ ਖ਼ਤਮ ਹੋ ਜਾਂਦੀ ਸੀ। ਜੇਕਰ ਇੱਕ ਸਿੱਖ ਆਪਣੇ ਜਥੇਦਾਰ ਦੇ ਵਰਤਾਰੇ ਨਾਲੋਂ ਖੁਸ਼ ਨਹੀਂ ਤਾਂ ਉਹ ਇੱਕ ਜਥਾ ਜਾਂ ਮਿਸਲ ਛੱਡਕੇ ਦੂਸਰੇ ਜਥੇ ਜਾਂ ਮਿਸਲ ਵਿਚ ਜਾ ਸਕਦਾ ਸੀ। ਬਰਾਬਰੀ ਹਰ ਇੱਕ ਦਾ ਅਧਿਕਾਰ ਸੀ। ਇਸੇ

ਕਰਕੇ ਮੁਹੰਮਦ ਲਤੀਫ਼ ਲਿਖਦਾ ਹੈ ਇਸ ਸਾਰੇ ਰਾਜਸੀ ਢਾਂਚੇ ਦਾ ਨਾਂ ਮਿਸਲ ਪੈ ਗਿਆ ਕਿਉਂਕਿ ਮਿਸਲ ਦਾ ਭਾਵ ਅਰਬੀ ਵਿਚ 'ਬਰਾਬਰੀ' ਹੁੰਦਾ ਹੈ। ਮੈਲਕਮ ਨੇ ਵੀ ਮਿਸਲ ਨੂੰ ਰੀਪਬਲਿਕ ਲਿਖਿਆ ਹੈ ਜਿਸਦਾ ਭਾਵ 'ਗਣਰਾਜ' ਤੋਂ ਹੈ।

ਮਹਾਰਾਜਾ ਰਣਜੀਤ ਸਿੰਘ ਦਾ ਮਨੋਰਥ ਮਿਸਲਾਂ ਨੂੰ ਜਿੱਤ ਕੇ ਸਾਂਝਾ ਰਾਜ ਅਸਥਾਪਤ ਕਰਨਾ ਸੀ। ਮਿਸਲਾਂ ਦਾ ਰਾਜ ਛੋਟੇ ਇਲਾਕਿਆਂ ਦਾ ਰਾਜ ਸੀ। ਸਮੇਂ ਦੀ ਚਾਲ ਨਾਲ ਸਥਿਤੀ ਬਦਲ ਰਹੀ ਸੀ। ਮਿਸਲਦਾਰਾਂ ਦੇ ਰਾਜ ਦਾ ਅੰਤਮ ਟੀਚਾ ਇੱਕ ਪੁਰਖਾ ਰਾਜ ਹੀ ਹੋ ਸਕਦਾ ਸੀ। ਮਹਾਰਾਜਾ ਰਣਜੀਤ ਸਿੰਘ ਇੱਕ ਪੁਰਖਾ ਰਾਜ ਅਸਥਾਪਤ ਕਰਨਾ ਚਾਹੁੰਦਾ ਸੀ ਜਿਸ ਵਿਚ ਬਰਾਬਰੀ ਵਾਲੀ ਕੋਈ ਗੱਲ ਚੱਲਣੀ ਕਠਨ ਸੀ। ਇਨ੍ਹਾਂ ਹਾਲਾਤਾਂ ਵਿੱਚ ਵਿਧਾਨਕ ਤੌਰ ਤੇ ਗੁਰਮਤਾ ਸੰਸਥਾ ਜਾਂ ਪ੍ਰਣਾਲੀ ਜਾਰੀ ਰਹਿਣਾ ਅਸੰਭਵ ਸੀ ਕਿਉਂਕਿ ਉਸ ਸੂਰਤ ਵਿਚ ਨਾ ਮਹਾਰਾਜਾ ਰਣਜੀਤ ਸਿੰਘ ਦਾ ਸਾਮਰਾਜ ਅਸਥਾਪਤ ਹੋ ਸਕਦਾ ਸੀ ਤੇ ਨਾ ਹੀ ਸਖ਼ਸ਼ੀ-ਇੱਕ-ਪੁਰਖਾ-ਰਾਜ। ਸਪੱਸ਼ਟ ਹੈ ਕਿ ਉਸ ਸੂਰਤ ਵਿਚ ਸ਼ੁੱਕਰਚੱਕੀਆ ਮਿਸਲ ਦੂਜੀਆਂ ਮਿਸਲਾਂ ਨੂੰ ਖ਼ਤਮ ਨਹੀਂ ਕਰ ਸਕਦੀ ਸੀ। ਕਿਉਂਕਿ ਗੁਰਮਤਾ ਸੰਸਥਾ ਦਾ ਅਧਾਰ ਹੀ ਆਪਸ ਵਿਚ ਬਰਾਬਰੀ ਸੀ।

ਇੱਕ ਹੋਰ ਆਸ਼ੇ ਤੋਂ ਵੀ ਮਹਾਰਾਜਾ ਰਣਜੀਤ ਸਿੰਘ ਨੇ ਰਾਜਸੀ ਖੇਤਰ ਵਿਚੋਂ ਗੁਰਮਤਾ ਖ਼ਤਮ ਕਰ ਦਿੱਤਾ। ਉਹ ਸਮਝਦਾ ਸੀ ਉਹ ਹਿੰਦੂਆਂ ਅਤੇ ਮੁਸਲਮਾਨਾਂ ਦਾ ਵੀ ਉਸੇ ਤਰ੍ਹਾਂ ਹੀ ਮਹਾਰਾਜਾ ਹੈ ਜਿਵੇਂ ਕਿ ਸਿੱਖਾਂ ਦਾ। ਗੁਰਮਤੇ ਦਾ ਫੈਸਲਾ ਕੇਵਲ ਅਕਾਲ ਤਖ਼ਤ ਦਾ ਹੀ ਫੈਸਲਾ ਸੀ ਜਿਸ ਵਿਚ ਕੇਵਲ ਸਿੱਖ ਹੀ ਸ਼ਾਮਲ ਹੋ ਸਕਦੇ ਸਨ ਹਿੰਦੂ ਤੇ ਮੁਸਲਮਾਨ ਨਹੀਂ। ਰਣਜੀਤ ਸਿੰਘ ਸਮਝਦਾ ਸੀ ਕਿ ਰਾਜਸੀ ਕੰਮ ਵਿਚ ਮੁਸਲਮਾਨਾਂ ਜਾਂ ਹਿੰਦੂਆਂ ਨੂੰ ਰਾਏ ਦੇਣ ਦਾ ਉਨਾ ਅਧਿਕਾਰ ਹੈ ਜਿੰਨਾਂ ਕਿ ਸਿੱਖਾਂ ਨੂੰ। ਇਸ ਲਈ ਉਸਾਨੇ ਰਾਜਸੀ ਖੇਤਰ ਵਿਚ ਗੁਰਮਤਾ ਪ੍ਰਣਾਲੀ ਦੁਆਰਾ ਫੈਸਲੇ ਕਰਨੇ ਬੰਦ ਕਰ ਦਿੱਤੇ। ਉਸਨੇ ਆਖ਼ਰੀ ਵਾਰੀ 1845 ਈਸਵੀ ਵਿਚ ਗੁਰਮਤੇ ਦੁਆਰਾ ਇਹ ਫੈਸਲਾ ਕੀਤਾ ਕਿ ਜਸਵੰਤ ਰਾਉ ਹੁਲਕਰ ਨੂੰ ਇਮਦਾਦ ਨਾ ਦਿੱਤਾ ਜਾਵੇ।

ਕਈ ਵਿਦਵਾਨ ਮਹਾਰਾਜਾ ਰਣਜੀਤ ਸਿੰਘ ਦਾ ਰਾਜਸੀ ਖੇਤਰ ਵਿਚੋਂ ਗੁਰਮਤੇ ਨੂੰ ਖ਼ਤਮ ਕਰਨਾ ਸਿੱਖੀ ਅਸੂਲਾਂ ਦੇ ਅਨੁਕੂਲ ਵੀ ਮੰਨਦੇ ਹਨ ਜਿਵੇਂ ਕਿ ਪ੍ਰਿੰਸੀਪਲ ਤੇਜਾ ਸਿੰਘ ਲਿਖਦੇ ਹਨ:-

The abolition of Gurmatta in the political sphere was a long awaited fulfillment of the Sikh service....It began with the Guru's free kitchen which was open to all the civic since was further developed among the Sikhs when the fourth and fifth Gurus set the examples by helping Hindus and Muslims as well as Sikhs to set up their business in the Guru's market (Guru Ka Bazar) in Amritsar and Guru Hargobind founded cities and built temples and mosques at his own expense Maharaja Ranjit Singh was only following steps when he took measures to rules. Not as a Sikh monarch but as a common ruler of Hindus and Muslims as well as of the Sikhs."

(Maharaja Ranjit Singh, Khalsa College, Amritsar 1939, page 57)

ਤੇਜਾ ਸਿੰਘ ਦਾ ਭਾਵ ਇਹ ਹੈ ਕਿ ਗੁਰੂ ਸਾਹਿਬਾਨ ਨੇ ਸਦਾ ਸਾਂਝੀਵਾਲਤਾ ਦੇ ਅਸੂਲਾਂ ਨੂੰ ਅਪਣਾਇਆ ਜਿਵੇਂ ਕਿ ਲੰਗਰ ਵਿਚ ਹਿੰਦੂ ਤੇ ਮੁਸਲਮਾਨ ਜਾ ਸਕਦੇ ਹਨ।

**ਗੁਰਮਤਾ ਅੰਗਰੇਜ਼ੀ ਕਾਲ ਵਿਚ**

ਅੰਗਰੇਜ਼ਾਂ ਦੇ ਕਾਲ ਵਿਚ ਸਿੰਘ ਸਭਾ ਲਹਿਰ ਕਰਕੇ ਵਿੱਦਿਆ ਦਾ ਪਸਾਰਾ ਹੋਇਆ ਤੇ ਸਿੱਖਾਂ ਨੇ ਆਪਣਾ ਵਿਰਸਾ ਸੰਭਾਲਿਆ। ਪੱਛਮੀ ਵਿੱਦਿਆ ਦੇ ਅਸਰ ਥੱਲੇ ਲੋਕਤੰਤਰੀ ਖ਼ਿਆਲਾਂ ਨੇ ਜ਼ੋਰ ਪਕੜਿਆ ਤੇ ਗੁਰਮਤੇ ਦੀ ਗ਼ੌਰਵਤਾ ਵਿਚ ਵਾਧਾ ਹੋਇਆ। ਵਿਸ਼ੇਸ਼ ਕਰਕੇ ਪੰਥ ਦੇ ਇਕੱਠ ਮੁੱਖ ਤਖ਼ਤਾਂ ਖ਼ਾਸ ਕਰ ਅਕਾਲ ਤਖ਼ਤ ਸਾਹਿਬ ਵਿਚ ਹੁੰਦੇ ਸਨ ਤੇ ਇੱਥੇ ਹੀ ਬਹੁਤੇ ਗੁਰਮਤੇ ਸੋਧੇ ਜਾਂਦੇ ਸਨ। ਤਲਵੰਡੀ ਸਾਬੋ

ਦਮਦਮਾ ਸਾਹਿਬ ਜਿਸ ਨੂੰ ਤਖ਼ਤ ਮੰਨ ਲਿਆ ਗਿਆ ਹੈ, ਇਨ੍ਹਾਂ ਵਿਖੇ ਹੀ ਗੁਰਮਤੇ ਸੋਧੇ ਜਾਂਦੇ ਰਹੇ ਹਨ। ਅਸਥਾਨਾਂ ਦੀ ਵਿਸ਼ੇਸ਼ਤਾ ਅਤੇ ਗੁਰਮਤੇ ਦੀ ਮਹਾਨਤਾ ਨੂੰ ਮੁੱਖ ਰੱਖਦੇ ਹੋਏ ਅੰਗਰੇਜ਼ੀ ਸਰਕਾਰ ਗੁਰਦਵਾਰਿਆਂ ਵਿਚ ਆਪਣਾ ਦਖ਼ਲ ਰੱਖਦੀ ਸੀ। ਪਹਿਲਾਂ ਸਿੱਧੇ ਤੌਰ ਤੇ ਅਤੇ ਫੇਰ ਮਹੰਤਾਂ ਦੇ ਰਾਹੀਂ। ਗੁਰਦਵਾਰਾ ਸੁਧਾਰ ਲਹਿਰ ਵਿਚ ਵਿਸ਼ੇਸ਼ ਗੁਰਮਤੇ ਸ੍ਰੀ ਅਕਾਲ ਤਖ਼ਤ ਹੀ ਹੁੰਦੇ ਰਹੇ। ਗੁਰਦਵਾਰਾ ਸੁਧਾਰ ਲਹਿਰ ਤੇ ਹੋਰ ਜੋ ਲਹਿਰਾਂ ਅੰਗਰੇਜ਼ੀ ਸਰਕਾਰ ਵਿਰੁੱਧ ਚੱਲੀਆਂ ਉਨ੍ਹਾਂ ਵਿਚ ਗੁਰਮਤੇ ਸੋਧਣ ਦੀ ਪ੍ਰਣਾਲੀ ਨੇ ਸਿੰਘਾਂ ਨੂੰ ਸੰਗਠਤ ਕਰੀ ਰੱਖਿਆ ਤੇ ਵੱਧ ਤੋਂ ਵੱਧ ਕੁਰਬਾਨੀਆਂ ਲਈ ਤਿਆਰ ਕੀਤਾ।

ਨਵੀਨ ਸਮੇਂ ਵਿਚ ਗੁਰਮਤੇ ਪ੍ਰਣਾਲੀ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਸੰਗਤਾਂ ਵਿਚ ਰਾਜਸੀ ਤੇ ਭਾਈਚਾਰਕ ਤੌਰ ਤੇ ਬਹੁਤ ਮੱਤਭੇਦ ਹੋ ਗਏ ਹਨ ਜਿਸ ਕਰਕੇ ਕਿਸੇ ਇੱਕ ਫੈਸਲੇ ਤੇ ਪੁੱਜਣਾ ਦਿਨ-ਬ-ਦਿਨ ਕਠਿਨ ਹੁੰਦਾ ਜਾ ਰਿਹਾ ਹੈ। ਧਾਰਮਿਕ ਖੇਤਰ ਵਿਚ ਗੁਰਮਤੇ ਦੀ ਪ੍ਰਮੁੱਖਤਾ ਸਦਾ ਕਾਇਮ ਰਹਿ ਸਕਦੀ ਹੈ।